# ਜਨਤਕ ਨੋਟਿਸ

ਆਮ ਜਨਤਾ ਨੂੰ ਪਹਿਲਾਂ ਹੀ ਮਿਤੀ 01.03.2019 ਨੂੰ ਪੇਡਾ ਦੀ ਵੈਬਸਾਈਟ www.peda.gov.in//rooftop ਤੇ ਨੋਟਿਸ ਜਾਰੀ ਕਰਕੇ ਸੂਚਿਤ ਕੀਤਾ ਗਿਆ ਸੀ ਕਿ ਸੋਲਰ ਰੂਫਟਾਪ ਪਾਵਰ ਪਲਾਂਟ ਲਗਾਉਣ ਲਈ ਪੇਡਾ ਕੋਲ ਸਬਸਿਡੀ ਉਪਲਬੱਧ ਨਹੀ ਹੈ, ਪ੍ਰੰਤੂ ਫਿਰ ਵੀ ਆਮ ਜਨਤਾ ਵੱਲੋਂ ਇਸ ਨੋਟਿਸ ਨੂੰ ਅਣਡਿੱਠ ਕਰਕੇ ਸੋਲਰ ਰੂਫਟਾਪ ਪਾਵਰ ਪਲਾਂਟਾਂ ਲਗਾਉਣ ਤੋਂ ਬਾਅਦ ਸਬਸਿਡੀ ਲੈਣ ਲਈ ਪੇਡਾ ਕੋਲ ਪਹੁੰਚ ਕੀਤੀ ਜਾ ਰਹੀ ਹੈ। ਪੇਡਾ ਵੱਲੋਂ ਸਿਰਫ ਨੈੱਟ ਮੀਟਰਿੰਗ ਰਾਹੀ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਸਬਸਿਡੀ ਦੇਣ ਸਬੰਧੀ ਕੋਈ ਵੀ ਪ੍ਰਵਾਨਗੀ ਨਹੀ ਦਿੱਤੀ ਗਈ। ਇਸ ਨੋਟਿਸ ਰਾਹੀ ਆਮ ਜਨਤਾ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਲਾਭਪਾਤਰੀਆਂ ਨੇ 01.03.2019 ਤੋਂ ਬਾਅਦ ਪੇਡਾ ਦੀ ਵੈਬਸਾਈਟ ਤੇ ਨੈੱਟ ਮੀਟਰਿੰਗ ਲਈ ਰਜਿਸਟ੍ਰੇਸ਼ਨ ਕੀਤੀ ਹੈ ਉਨ੍ਹਾਂ ਪਲਾਂਟਾਂ ਦੀ ਸਬਸਿਡੀ ਪੇਡਾ ਕੋਲ ਉਪਲਬੱਧ ਨਹੀ ਹੈ ਕਿਉਕਿ ਐਮ.ਐਨ.ਆਰ.ਈ ਭਾਰਤ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 318/331/2017-GCRT Division ਮਿਤੀ 08.03.2019 ਰਾਹੀ ਨੈੱਟ ਮੀਟਰਿੰਗ ਪਾਲਿਸੀ ਤਹਿਤ ਸਬਸਿਡੀ ਤੇ ਸੋਲਰ ਰੂਫਟਾਪ ਪਾਵਰ ਪਲਾਂਟ ਲਗਾਉਣ ਦੀ ਸਕੀਮ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿ: ਨੂੰ ਦੇ ਦਿੱਤੀ ਗਈ ਸੀ।

**ਨਿਰਦੇਸ਼ਕ**